Punjabi

Australian Government
Department of Health, Disability and Ageing

medicare
Urgent Care Clinic



# ਮਰੀਜ਼ ਦੀ ਕੇਸ ਸਟੱਡੀ

## ਡੇਲੀਨਾ ਨਯੂਨ

**ਡੇਲੀਨਾ, ਉਮਰ 50 ਸਾਲ, ਸਿਡਨੀ ਵਿੱਚ ਰਹਿੰਦੇ ਇਕਜੁੱਟ ਵੀਅਤਨਾਮੀ ਪਰਿਵਾਰ ਨਾਲ ਸਬੰਧਿਤ ਹੈ। ਆਪਣੇ ਰੋਜ਼ਾਨਾ ਦੇ ਕੰਮ ਵਿੱਚ, ਉਹ ਵਿੱਤ ਦੇ ਪੇਸ਼ੇ ਵਿੱਚ ਕੰਮ ਕਰਦੀ ਹੈ ਅਤੇ ਨਾਲ ਹੀ ਇੱਕ ਛੋਟਾ ਜਿਹਾ ਵੀਅਤਨਾਮੀ ਭੋਜਨ ਦਾ ਕਾਰੋਬਾਰ ਵੀ ਚਲਾਉਂਦੀ ਹੈ। ਡੇਲੀਨਾ ਨੂੰ ਆਪਣੇ ਦੋਸਤਾਂ ਨਾਲ ਕੌਫੀ ਪੀਣਾ ਅਤੇ ਆਪਣੇ ਭਾਈਚਾਰੇ ਨਾਲ ਬੈਡਮਿੰਟਨ ਖੇਡਣਾ ਪਸੰਦ ਹੈ।**

ਡੇਲੀਨਾ ਨੂੰ ਸਭ ਤੋਂ ਪਹਿਲਾਂ ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕਾਂ (ਮੈਡੀਕੇਅਰ ਯੂ ਸੀ ਸੀ) ਬਾਰੇ ਆਪਣੇ ਬੈਡਮਿੰਟਨ ਕਲੱਬ ਰਾਹੀਂ ਪਤਾ ਲੱਗਾ, ਜਦੋਂ ਉਸ ਦੇ ਦੋਸਤਾਂ ਨੇ ਦੱਸਿਆ ਕਿ ਉਹ ਖੇਡਾਂ ਵੇਲੇ ਲੱਗਣ ਵਾਲਿਆਂ ਮਾਮੂਲੀ ਸੱਟਾਂ ਦੇ ਇਲਾਜ ਲਈ ਮੈਡੀਕੇਅਰ ਯੂ ਸੀ ਸੀ ਗਏ ਸਨ। ਉਸਨੇ ਕਲੀਨਿਕਾਂ ਲਈ ਟੀਵੀ ਉਪਰ ਇਸ਼ਤਿਹਾਰ ਵੀ ਦੇਖੇ, ਇਸ ਲਈ ਉਸਨੂੰ ਪਤਾ ਸੀ ਕਿ 'ਮੈਡੀਕੇਅਰ ਯੂ ਸੀ ਸੀ' ਦੇਸ਼ ਭਰ ਵਿੱਚ ਹਨ ਅਤੇ ਦੇਰ ਤੱਕ ਖੁੱਲ੍ਹੇ ਰਹਿੰਦੇ ਹਨ।

ਇੱਕ ਸ਼ਾਮ ਰਾਤ ਦੇ ਖਾਣੇ ਤੋਂ ਪਹਿਲਾਂ, ਡੇਲੀਨਾ ਦੀ ਭਤੀਜੀ ਨੇ ਹਰਾ ਅੰਬ ਕੱਟਦੇ ਸਮੇਂ ਆਪਣੀ ਉਂਗਲੀ 'ਤੇ ਚਾਕੂ ਮਰਵਾ ਲਿਆ। ਜ਼ਖ਼ਮ ਡੂੰਘਾ ਸੀ ਅਤੇ ਬਹੁਤ ਜ਼ਿਆਦਾ ਖੂਨ ਵਹਿ ਰਿਹਾ ਸੀ। ਡੇਲੀਨਾ ਨੂੰ ਯਾਦ ਆਇਆ ਕਿ ਮੈਡੀਕੇਅਰ ਯੂ ਸੀ ਸੀ ਜ਼ਰੂਰੀ ਪਰ ਜਾਨ ਨੂੰ ਨਾ ਖ਼ਤਰੇ ਵਾਲੇ ਮਾਮਲਿਆਂ ਵਿਚ ਇਲਾਜ ਕਰਦੇ ਹਨ, ਇਸ ਲਈ ਉਸਨੇ 'ਮੈਡੀਕੇਅਰ ਯੂ ਸੀ ਸੀ' ਵੈੱਬਸਾਈਟ 'ਤੇ ਖੋਜ ਕੀਤੀ ਅਤੇ ਫੇਅਰਫੀਲਡ ਕਲੀਨਿਕ ਲੱਭਿਆ, ਜੋ ਕਿ ਗੱਡੀ 'ਤੇ ਸਿਰਫ 4 ਮਿੰਟ ਦੀ ਦੂਰੀ 'ਤੇ ਸੀ।

ਜਦੋਂ ਡੇਲੀਨਾ ਅਤੇ ਉਸਦੀ ਭਤੀਜੀ ਕਲੀਨਿਕ ਪਹੁੰਚੀਆਂ, ਤਾਂ ਉਹਨਾਂ ਦਾ ਸਵਾਗਤ ਦੋ ਨਰਸਾਂ ਨੇ ਕੀਤਾ ਜਿਨ੍ਹਾਂ ਨੇ ਉਸਦੀ ਭਤੀਜੀ ਦੀ ਡਾਕਟਰੀ ਜਾਣਕਾਰੀ ਦਰਜ ਕੀਤੀ ਅਤੇ ਸੱਟ ਦੀ ਜਾਂਚ ਕੀਤੀ। ਕਿਉਂਕਿ ਉਹ ਇੱਕ ਅਜਿਹੇ ਸਮੇਂ ਪਹੁੰਚੇ ਸਨ ਜਦੋਂ ਬਹੁਤੇ ਮਰੀਜ਼ ਉਡੀਕ ਨਹੀਂ ਕਰ ਰਹੇ ਸਨ, ਇੱਕ ਡਾਕਟਰ ਥੋੜ੍ਹੀ ਦੇਰ ਬਾਅਦ ਪੂਰਾ ਮੁਲਾਂਕਣ ਕਰਨ ਲਈ ਆਇਆ। ਡਾਕਟਰ ਨੇ ਚੱਕਰ ਆਉਣੇ ਜਾਂ ਸੰਭਾਵਿਤ ਨਸਾਂ ਦੇ ਨੁਕਸਾਨ ਵਰਗੇ ਹੋਰ ਲੱਛਣਾਂ ਦੀ ਜਾਂਚ ਕਰਨ ਲਈ ਸਵਾਲ ਪੁੱਛੇ।

ਜ਼ਖ਼ਮ ਨੂੰ ਸਾਫ਼ ਕੀਤਾ ਗਿਆ ਅਤੇ ਉਸਦਾ ਮੁਲਾਂਕਣ ਕੀਤਾ ਗਿਆ। ਡਾਕਟਰ ਨੇ ਕਿਹਾ ਕਿ 4 ਤੋਂ 5 ਟਾਂਕੇ ਲਗਾਉਣ ਦੀ ਲੋੜ ਹੈ, ਜੋ ਕਿ ਸਾਰਾ ਕੁੱਝ 'ਮੈਡੀਕੇਅਰ ਯੂ ਸੀ ਸੀ' ਵਿੱਚ ਉਸੇ ਵੇਲੇ ਕੀਤਾ ਜਾ ਸਕਦੇ ਸੀ। ਪੰਦਰਾਂ ਮਿੰਟਾਂ ਬਾਅਦ, ਇਲਾਜ ਪੂਰਾ ਹੋ ਗਿਆ।

'ਸਟਾਫ਼ ਮਿਲਾਪੜਾ ਅਤੇ ਸ਼ਾਂਤ ਸੀ। ਉਨ੍ਹਾਂ ਨੇ ਸਭ ਕੁਝ ਸਾਫ਼ - ਸਾਫ਼ ਸਮਝਾਇਆ, ਜਿਸ ਨਾਲ ਮੇਰੀ ਭਤੀਜੀ ਨੂੰ ਆਰਾਮ ਮਹਿਸੂਸ ਹੋਇਆ।'

ਉਸ ਨੂੰ ਯਾਦ ਹੈ ਕਿ ਇਹ ਪ੍ਰਕਿਰਿਆ ਕਿੰਨੀ ਤੇਜ਼ ਅਤੇ ਸਿੱਧੀ ਸੀ:

'ਸਾਨੂੰ ਬਹੁਤਾ ਇੰਤਜ਼ਾਰ ਨਹੀਂ ਕਰਨਾ ਪਿਆ; ਪੂਰੀ ਮੁਲਾਕਾਤ ਵਿੱਚ ਲਗਭਗ 30 ਮਿੰਟ ਲੱਗੇ[1]। ਮੈਨੂੰ ਇਸ ਗੱਲ ਤੋਂ ਰਾਹਤ ਮਿਲੀ ਕਿ ਡਾਕਟਰ ਸਾਨੂੰ ਐਮਰਜੈਂਸੀ ਵਿਭਾਗ ਵਿੱਚ ਭੇਜਣ ਦੀ ਬਜਾਏ, ਉੱਥੇ ਹੀ ਟਾਂਕੇ ਲਗਾ ਸਕਦਾ ਹੈ।'

ਆਪਣੇ ਸਕਾਰਾਤਮਕ ਤਜ਼ਰਬੇ ਦੇ ਆਧਾਰ 'ਤੇ, ਡੇਲੀਨਾ ਕਹਿੰਦੀ ਹੈ ਕਿ ਉਹ ਭਵਿੱਖ ਵਿੱਚ ਦੁਬਾਰਾ 'ਮੈਡੀਕੇਅਰ ਯੂ ਸੀ ਸੀ' ਦੀ ਚੋਣ ਕਰੇਗੀ।

'ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕਾਂ ਦਾ ਇੱਕ ਹੋਰ ਵਿਕਲਪ ਵਜੋਂ ਹੋਣਾ ਬਹੁਤ ਮਹੱਤਵਪੂਰਨ ਹੈ। ਮੇਰੇ ਵਰਗੇ ਪਰਿਵਾਰਾਂ ਲਈ, ਇਸਦਾ ਮਤਲਬ ਹੈ ਕਿ ਅਸੀਂ ਜ਼ਰੂਰੀ ਦੇਖਭਾਲ ਜਲਦੀ ਅਤੇ ਘਰ ਦੇ ਨੇੜੇ ਪ੍ਰਾਪਤ ਕਰ ਸਕਦੇ ਹਾਂ।'

1: ਉਡੀਕ ਦਾ ਸਮਾਂ ਭੀੜ ਦੇ ਹਿਸਾਬ ਨਾਲ ਵੱਖ-ਵੱਖ ਹੋ ਸਕਦਾ ਹੈ; ਮਰੀਜ਼ਾਂ ਨੂੰ ਕਲੀਨਿਕਲ ਜ਼ਰੂਰਤਾਂ ਦੇ ਆਧਾਰ 'ਤੇ ਪਹਿਲ ਦਿੱਤੀ ਜਾਂਦੀ ਹੈ ਅਤੇ ਦੇਖਿਆ ਜਾਂਦਾ ਹੈ।

**ਆਪਣੇ ਨੇੜਲੇ ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਨੂੰ ਲੱਭਣ ਲਈ, ਇੱਥੇ ਜਾਓ:**

**health.gov.au/find-a-medicare-ucc**